# Third Round of Foreign Office Consultations between India and El Salvador

September 18, 2021

…………………………………………………………………………………………………………

## ਭਾਰਤ ਅਤੇ ਅਲ ਸੈਲਵੇਡੋਰ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ ਮਸ਼ਵਰੇ ਦਾ ਤੀਜਾ ਗੇੜ

18 ਸਤੰਬਰ, 2021

1. ਭਾਰਤ ਅਤੇ ਅਲ ਸੈਲਵੇਡੋਰ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ ਮਸ਼ਵਰੇ (FOC) ਦਾ ਤੀਜਾ ਗੇੜ ਸੈਨ ਸਾਲਵਾਡੋਰ ਵਿੱਚ 17 ਸਤੰਬਰ, 2021 ਨੂੰ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਅਤੇ ਅਲ ਸਲਵਾਡੋਰ ਦੀ ਅਗਵਾਈ ਦੇਸ਼ ਦੇ ਵਿਦੇਸ਼ ਮਾਮਲਿਆਂ, ਏਕੀਕਰਣ ਅਤੇ ਆਰਥਿਕ ਤਰੱਕੀ ਦੇ ਮੰਤਰੀ ਰਾਜਦੂਤ ਮਹਾਮਹਿਮ ਸ਼੍ਰੀਮਤੀ ਐਡਰੀਆਨਾ ਮਾਰੀਆ ਮੀਰਾ ਨੇ ਕੀਤੀ।

2. ਵਿਦੇਸ਼ ਦਫਤਰਾਂ ਦਰਮਿਆਨ ਸਲਾਹ ਮਸ਼ਵਰੇ ਦੌਰਾਨ ਦੋਵਾਂ ਪੱਖਾਂ ਨੇ ਦੋਹਾਂ ਦੇਸ਼ਾਂ ਦੇ ਨਿੱਘੇ ਅਤੇ ਦੋਸਤਾਨਾ ਸਬੰਧਾਂ ਦੀ ਗੱਲ ਕਹੀ ਅਤੇ ਸਿਹਤ, ਵਪਾਰ ਅਤੇ ਨਿਵੇਸ਼, ਸੈਰ -ਸਪਾਟਾ, ਜਲ -ਪਾਲਣ, ਊਰਜਾ, ਆਵਾਜਾਈ, ਹਵਾਬਾਜ਼ੀ, ਬੁਨਿਆਦੀ ਢਾਂਚੇ, ਸੱਭਿਆਚਾਰ, ਕੌਂਸਲਰ ਅਤੇ ਵਿਕਾਸ ਭਾਈਵਾਲੀ ਸਮੇਤ ਸਾਰੇ ਖੇਤਰਾਂ ਵਿੱਚ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ ਗਈ। ਦੋਵਾਂ ਧਿਰਾਂ ਨੇ ਜਨਤਕ ਕੂਟਨੀਤੀ ਦੇ ਖੇਤਰ ਵਿੱਚ ਸਰਬੋਤਮ ਪ੍ਰਥਾਵਾਂ ਦਾ ਵਟਾਂਦਰਾ ਕਰਨ ਦਾ ਫੈਸਲਾ ਕੀਤਾ।

3. ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਸਮੇਤ ਸਾਂਝੇ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਬਹੁਪੱਖੀ ਖੇਤਰ ਵਿੱਚ ਨੇੜਿਓਂ ਮਿਲਕੇ ਕੰਮ ਕਰਨ 'ਤੇ ਸਹਿਮਤੀ ਦਿੱਤੀ।

4. ਵਿਦੇਸ਼ ਦਫਤਰਾਂ ਦੇ ਸਲਾਹ ਮਸ਼ਵਰੇ ਦੌਰਾਨ ਸੁਸ਼ਮਾ ਸਵਰਾਜ ਵਿਦੇਸ਼ ਸਬੰਧ ਸੇਵਾ ਸੰਸਥਾਨ (SSIFS), ਭਾਰਤੀ ਵਿਦੇਸ਼ ਮੰਤਰਾਲੇ ਅਤੇ ਐਲ ਸਾਲਵਾਡੋਰ ਦੇ ਵਿਦੇਸ਼ ਮੰਤਰਾਲੇ ਅਧੀਨ ਵਿਸ਼ੇਸ਼ ਸਿੱਖਿਆ ਉੱਚ ਸਿੱਖਿਆ ਸੰਸਥਾ (IEESFORD) ਵਿਚਕਾਰ ਸਮਝੌਤੇ ਦਾ ਵਟਾਂਦਰਾ ਵੀ ਕੀਤਾ ਗਿਆ।

5. ਇਹ ਗੱਲਬਾਤ ਦੋਸਤਾਨਾ ਅਤੇ ਨਿੱਘੇ ਮਾਹੌਲ ਵਿੱਚ ਹੋਈ। ਦੋਵੇਂ ਪੱਖਾਂ ਨੇ ਆਪਣੇ ਦੁਵੱਲੇ ਸਬੰਧਾਂ ਨੂੰ ਵਧਾਉਣ ਅਤੇ ਹੋਰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
17 ਸਤੰਬਰ, 2021

**DISCLAIMER: This is an approximate translation. The original is available in English on MEA's website and may be referred to as the official press release.**